pstcl
PUNJAB STATE TRANSMISSION CORPORATION LIMITED
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ:ਦਫਤਰ:ਪੀਐਸਈਬੀ ਹੈਡ ਆਫਿਸ, ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ
Corporate Identity Number: U40109PB2010SGC033814 (www.pstcl.org)
(ਦਫਤਰ ਵਿੱਤ ਸਲਾਹਕਾਰ, ਲੋਨ ਅਤੇ ਬੈਂਕਿੰਗ ਸ਼ਾਖਾ),
ਤੀਜੀ ਮੰਜਿਲ,ਸ਼ਕਤੀ ਸਦਨ, ਸਾਹਮਣੇ ਕਾਲੀ ਮਾਤਾ ਮੰਦਿਰ,ਪਟਿਆਲਾ
Fax/Ph. No.0175-2206523 Email : ao-fa@pstcl.org

ਵੱਲ

ਸਾਰੇ ਡੀ.ਡੀ.ਓਜ਼,
ਪੀ.ਐਸ.ਟੀ.ਸੀ.ਐਲ।

ਮੀਮੋ ਨੰ........977/1021
ਮਿਤੀ........1/4/16........

ਵਿਸ਼ਾ:- **Financial Management Information System.**

ਡੀ.ਡੀ.ਓਜ਼ ਨੂੰ ਆਫਲਾਇਨ ਸਿਸਟਮ ਅਧੀਨ ਫੰਡਜ ਦੀ ਮੰਗ ਦੇ ਸਬੰਧ ਵਿਚ ਆ ਰਹੀਆਂ ਮੁਸ਼ਕਿਲਾਂ ਨੂੰ ਹਲ ਕਰਨ ਹਿੱਤ **FMIS** ਸਿਸਟਮ ਵਿੱਤੀ ਸਾਲ 2014-15 ਤੋਂ ਲਾਗੂ ਕੀਤਾ ਗਿਆ ਸੀ। ਇਸ ਦਫ਼ਤਰ ਵਲੋਂ ਇਸ ਸਿਸਟਮ ਸਬੰਧੀ ਵਿਸਥਾਰ ਸਹਿਤ ਹਦਾਇਤਾਂ ਇਸ ਦਫ਼ਤਰ ਦੇ ਪੱਤਰ ਨੰ.3709/49 ਮਿਤੀ 27.12.2013 ਅਤੇ ਪੱਤਰ ਨੰ.497/538 ਮਿਤੀ 17.06.2014 ਰਾਹੀਂ ਜਾਰੀ ਕੀਤੀਆਂ ਗਈਆਂ ਸਨ। **FMIS** ਨੂੰ ਲਾਗੂ ਕੀਤੇ ਦੋ ਸਾਲ ਤੋਂ ਵੱਧ ਸਮਾਂ ਬੀਤ ਚੁਕਾ ਹੈ, ਪ੍ਰੰਤੂ ਉਪਰੋਕਤ ਪੱਤਰ ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਪੂਰਨ ਰੂਪ ਵਿੱਚ ਡੀ.ਡੀ.ਓਜ਼ ਵਲੋਂ ਨਹੀਂ ਕੀਤੀ ਜਾ ਰਹੀ।

ਪਿਛਲੇ ਦੋ ਸਾਲਾਂ ਵਿਚ **FMIS** ਸਬੰਧਤ ਇਹ ਦੇਖਣ ਵਿਚ ਆਇਆ ਹੈ ਕਿ ਜ਼ਿਆਦਾਤਰ ਡੀ.ਡੀ.ਓਜ਼ ਵਲੋਂ ਫੰਡਜ ਦੀ ਮੰਗ **FMIS** ਵਿਚ ਚਾਲੂ ਵਿਤੀ ਸਾਲ ਵਿਚ ਦਰਜ ਕਰ ਦਿੱਤੀ ਜਾਂਦੀ ਹੈ। ਪਰ ਇਹ ਯਕੀਨੀ ਨਹੀਂ ਬਣਾਇਆ ਜਾਂਦਾ ਕਿ ਇਹ ਮੰਗ ਚਾਲੂ ਵਿਤੀ ਸਾਲ ਦੇ ਖਰਚੇ ਨਾਲ ਸਬੰਧਤ ਹੈ ਜਾਂ ਪਿਛਲੇ ਵਿਤੀ ਸਾਲ ਵਿਚ ਕੀਤੇ ਖਰਚ ਨਾਲ ਸਬੰਧਤ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਜੇਕਰ ਮੰਗ ਪਿਛਲੇ ਵਿਤੀ ਸਾਲ ਵਿਚ ਕੀਤੇ ਖਰਚੇ ਨਾਲ ਸਬੰਧਤ ਸੀ ਤੇ ਉਹ ਚਾਲੂ ਵਿਤੀ ਸਾਲ ਵਿਚ ਮੰਗ ਲਿੱਤੀ ਜਾਂਦੀ ਹੈ ਤਾਂ ਇਹ ਮੰਗ ਚਾਲੂ ਵਿਤੀ ਸਾਲ ਵਿਚ Allot ਕੀਤੇ ਬਜਟ ਦੇ ਵਿਰੁੱਧ ਖਤਮ ਹੁੰਦੀ ਹੈ ਅਤੇ ਬਾਅਦ ਵਿਚ ਜਦੋਂ ਬਜਟ ਖਤਮ ਹੋ ਜਾਂਦਾ ਹੈ ਤਾਂ ਡੀ.ਡੀ.ਓਜ਼ ਇਸ ਦਫ਼ਤਰ ਨੂੰ ਇਹ ਗਲਤੀ ਦਰੁੱਸਤ ਕਰਨ ਲਈ ਲਿਖਦੇ ਹਨ ਤਾਂ ਜ਼ੋ ਫੰਡਜ ਦੀ ਮੰਗ ਨੂੰ ਸਬੰਧਤ ਸਾਲ ਨਾਲ ਲਿੰਕ ਕੀਤਾ ਜਾਵੇ। ਪਰ ਇਸ ਦਫ਼ਤਰ ਦੁਆਰਾ ਡੀ.ਡੀ.ਓ ਦੁਆਰਾ ਕੀਤੀ ਗਲਤੀ ਨੂੰ ਠੀਕ ਕਰਨ ਲਈ ਬਹੁਤ ਸਮਾਂ ਲਗਦਾ ਹੈ ਅਤੇ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਫੰਡਾਂ ਵਾਸਤੇ ਮੰਗ ਨੂੰ **FMIS** ਵਿਚ ਪਾਉਣ ਤੋਂ ਪਹਿਲਾਂ ਯਕੀਨੀ ਬਣਾਇਆ ਜਾਵੇ ਕਿ ਇਹ ਫੰਡਜ ਦੀ ਮੰਗ ਚਾਲੂ ਵਿਤੀ ਸਾਲ ਵਿਚ ਕਿਤੇ ਗਏ ਖਰਚ ਨਾਲ ਸਬੰਧਤ ਹੈ। ਜੇਕਰ ਇਹ ਪਿਛਲੇ ਵਿਤੀ ਸਾਲ ਵਿਚ ਕੀਤੇ ਖਰਚ ਨਾਲ ਸਬੰਧਤ ਹੈ ਤਾਂ **Login** ਕਰਨ ਤੋਂ ਬਾਅਦ ਅਤੇ **entry** ਕਰਨ ਤੋਂ ਪਹਿਲਾਂ ਸਬੰਧਤ ਸਾਲ ਨੂੰ select ਕੀਤਾ ਜਾਵੇ ਅਤੇ ਪਿਛਲੇ ਸਾਲ ਨਾਲ ਸਬੰਧਤ ਖਰਚੇ ਦੀ ਪੂਰੀ ਡਿਟੇਲ ਸਮੇਤ ਜੇ.ਵੀ ਇਸ ਦਫ਼ਤਰ ਨੂੰ ਭੇਜੀ ਜਾਵੇ।

ਚਲਦਾ ਜੀ.........

ਹਲਕਾ ਦਫ਼ਤਰ ਵਲੋਂ ਵੱਖ ਲੇਖਾ ਮੱਦ (ਸਮੇਤ ਕੈਪੀਟਲ ਬਜਟ) ਅਧੀਨ ਜਾਰੀ ਕੀਤੀ ਬਜਟ ਗ੍ਰਾਂਟ ਆਨਲਾਇਨ ਸਿਸਟਮ ਵਿਚ ਲੇਖਾ ਅਫ਼ਸਰ/ਲੋਨ ਤੇ ਬੈਕਿੰਗ ਵਲੋਂ ਰਿਕਾਰਡ ਕੀਤੀ ਜਾਂਦੀ ਹੈ। ਇਹ ਵਿਵਸਥਾਂ **"Budget Reports"** link ਵਿਚ ਉਪਲੱਬਧ ਹੈ। **"Budget Reports"** link ਵਿਚ ਆਪ ਜੀ ਦੇ ਦਫ਼ਤਰ ਦੀ ਜਾਣਕਾਰੀ ਵਾਸਤੇ ਵਿਵਸਥਾ ਕੀਤੀ ਗਈ ਹੈ ਕਿ ਤਾਂ ਜ਼ੋ ਸਮੇਂ ਸਮੇਂ ਸਿਰ ਵੱਖ ਵੱਖ ਮੱਦਾਂ ਵਿਚ ਅਲਾਟ ਕੀਤੇ ਬਜਟ ਅਤੇ ਇਹਨਾਂ ਦੇ ਵਿਰੁੱਧ ਜਾਰੀ ਕੀਤੇ ਫੰਡਾਂ ਨੂੰ ਵਿਯੂ ਕੀਤਾ ਜਾ ਸਕੇ। ਜਿਸ ਲੇਖਾ ਮੱਦ ਵਿਚ ਬਜਟ ਦੀ ਘਾਟ ਹੈ ਆਪ ਜੀ ਦਾ ਦਫ਼ਤਰ ਸਬੰਧਤ Circle Office ਤੋਂ ਸਮੇਂ ਸਿਰ ਬਜਟ ਅਲਾਟ ਕਰਵਾ ਲੈਣ ਤਾਂ ਜ਼ੋ ਬਜਟ ਦੀ ਅਲਾਟਮੈਂਟ ਕਰਕੇ demand enter ਕਰਨ ਵਿਚ ਮੁਸ਼ਕਿਲ ਨਾ ਆਵੇ। ਇਸ ਦਫ਼ਤਰ ਵਲੋਂ ਬਜਟ ਗ੍ਰਾਂਟ ਉਪਲਬੱਧ ਹੋਣ ਤੋਂ ਬਗੈਰ ਫੰਡਜ ਰੀਲੀਜ ਨਹੀਂ ਕੀਤੇ ਜਾਣਗੇ। ਮੰਗ ਨੂੰ ਮੁੱਖ ਰੱਖਦੇ ਹੋਏ ਬਜਟ ਗ੍ਰਾਂਟ ਰੀਵਾਇਜਡ ਕਰਨ ਸਬੰਧੀ ਤੁਰੰਤ ਕਾਰਵਾਈ ਕੀਤੀ ਜਾਵੇ।

ਇਹ ਵੀ ਲਿਖਿਆ ਜਾਂਦਾ ਹੈ ਕਿ ਫੰਡਜ ਦੀ ਮੰਗ ਸਿਸਟਮ ਵਿਚ ਢੁਕਵੇਂ ਲੇਖਾ ਮੱਦ/ਕਾਲਮ ਵਿਚ ਹੀ ਦਰਜ ਕੀਤੀ ਜਾਵੇ। **ਫੰਡਜ ਰੀਲੀਜ ਹੋ ਜਾਣ ਉਪਰੰਤ ਲੇਖਾ ਮੱਦ ਵਿਚ ਤਬਦੀਲੀ ਇਸ ਦਫ਼ਤਰ ਵਲੋਂ ਸਵੀਕਾਰ ਨਹੀਂ ਕੀਤੀ ਜਾ ਸਕਦੀ।** ਇਸ ਲਈ ਇਸ ਨੁਕਤੇ ਵੱਲ ਖਾਸ ਧਿਆਨ ਰੱਖਿਆ ਜਾਵੇ।

ਉਪਰੋਕਤ ਅਨੁਸਾਰ ਲਿਖਿਆ ਜਾਂਦਾ ਹੈ ਕਿ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ, ਅਣਗਿਹਲੀ ਕਾਰਨ ਇਸ ਦਫ਼ਤਰ ਵਲੋਂ ਫੰਡਜ ਰਿਲੀਜ ਹੋਣ ਵਿਚ ਕਿਸੇ ਕਿਸਮ ਦੀ ਦੇਰੀ ਦੀ ਜ਼ਿਮੇਵਾਰੀ ਆਪ ਜੀ ਦੇ ਦਫ਼ਤਰ ਦੀ ਹੋਵੇਗੀ ਜੀ।

2/2 ਉਪ ਵਿੱਤ ਸਲਾਹਕਾਰ-1,
ਪੀਐਸਟੀਸੀਐਲ, ਪਟਿਆਲਾ।

1022/26
1/4/16

ਸੀ.ਸੀ:
1) ਸੀਨੀ. ਪੀ.ਐਸ ਟੂ ਸੀ.ਐਮ.ਡੀ, ਨੂੰ ਸੀ.ਐਮ.ਡੀ, ਪੀਐਸਟੀਸੀਐਲ, ਪਟਿਆਲਾ ਜੀ ਦੀ ਸੂਚਨਾ ਹਿੱਤ।
2) ਸਯੁੰਕਤ ਸਕੱਤਰ ਟੂ ਡਾਇਰੈਕਟਰ/ਤਕਨੀਕੀ, ਨੂੰ ਡਾਇਰੈਕਟਰ/ਤਕਨੀਕੀ ਪੀਐਸਟੀਸੀਐਲ, ਪਟਿਆਲਾ ਜੀ ਦੀ ਸੂਚਨਾ ਹਿੱਤ।
3) ਸੀਨੀ. ਪੀ.ਐਸ ਟੂ ਡਾਇਰੈਕਟਰ/ਵਿੱਤ, ਨੂੰ ਡਾਇਰੈਕਟਰ/ਵਿੱਤ ਪੀਐਸਟੀਸੀਐਲ, ਪਟਿਆਲਾ ਜੀ ਦੀ ਸੂਚਨਾ ਹਿੱਤ।
4) ਪੀ.ਐਸ ਟੂ ਵਿੱਤ ਸਲਾਹਕਾਰ, ਨੂੰ ਵਿੱਤ ਸਲਾਹਕਾਰ ਪੀਐਸਟੀਸੀਐਲ, ਪਟਿਆਲਾ ਜੀ ਦੀ ਸੂਚਨਾ ਹਿੱਤ।
5) ਪੀ.ਐਸ ਟੂ ਸੀ.ਐਫ.ਓ, ਨੂੰ ਸੀ.ਐਫ.ਓ ਪੀਐਸਟੀਸੀਐਲ, ਪਟਿਆਲਾ ਜੀ ਦੀ ਸੂਚਨਾ ਹਿੱਤ।